# ਗਲੋਬਲ ਸਿੱਖ ਕੌਂਸਲ

ਸਿੱਖਾਂ ਦੀ ਅੰਤਰ ਰਾਸ਼ਟਰੀ ਆਵਾਜ਼

GLOBAL SIKH COUNCIL
VOICE OF SIKHS WORLDWIDE

**UK Registered Charity No 1186311**

ਪ੍ਰੈਸ ਰਿਲੀਜ਼ **-1** ਸਿਤੰਬਰ 2020

ਸ਼੍ਰੀ ਅਕਾਲ ਤਖਤ ਦੇ ਢੱਡਰੀਆਂਵਾਲਾ ਬਾਰੇ ਫੈਸਲੇ ਤੇ ਗਲੋਬਲ ਸਿੱਖ ਕੌਂਸਲ ਦੀ ਪ੍ਰਤੀਕਿਰਿਆ

ਗਲੋਬਲ ਸਿੱਖ ਕੌਂਸਲ (ਜੀ ਐਸ ਸੀ) ਨੇ 24 ਅਗਸਤ 2020 ਨੂੰ ਸ਼੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਦੁਆਰਾ , ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਸੰਬੰਧ ਵਿੱਚ ਜਾਰੀ ਕੀਤੇ ਪ੍ਰੈਸ ਨੋਟ ਵਿਚਲੇ ਫੈਸਲੇ ਤੇ ਗੰਭੀਰਤਾ ਨਾਲ ਵਿਚਾਰ ਕੀਤਾ ਹੈ । ਇਸ ਫੈਸਲੇ ਸਿੱਖ ਕੌਮ ਵਿੱਚ ਬੇਚੈਨੀ ਫੈਲਣ ਦਾ ਕਾਰਣ ਬਣਿਆ ਹੈ। ਪੰਜ ਮੈਂਬਰੀ ਕਮੇਟੀ ਦੀ ਰਿਪੋਰਟ ਦੇ ਅਧਾਰ ਤੇ ਲਿਆ ਗਿਆ ਫੈਸਲੇ ਵਿੱਚ ਨਿਰਪੱਖਤਾ ਦੀ ਘਾਟ ਪ੍ਰਤੀਤ ਹੁੰਦੀ ਹੈ । ਕ੍ਰਿਪਾ ਕਰਕੇ ਸਿੱਖ ਪੰਥ ਨੂੰ ਜਾਣੂ ਕਰਾਇਆ ਜਾਵੇ ਕਿ ਢੱਡਰੀਆਂ ਵਾਲੇ ਨੇ ਅਜਿਹਾ ਕੀ ਕਿਹਾ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਂਵਾਂ ਤੋਂ ਉਲਟ ਹੈ ।

ਜੀ ਐਸ ਸੀ ਇਸ ਫੈਸਲੇ ਨੂੰ ਸਿੱਖ ਕੌਮ ਨੂੰ ਹੋਰ ਵੰਡਣ ਦੇ ਤੌਰ ਤੇ ਦੇਖਦੀ ਹੈ , ਕਿਉਂਕਿ ਇਸ ਫੈਂਸਲੇ ਨੇ ਸੰਮਪਰਦਾਂਇਕ ਪ੍ਰਚਾਰਕਾਂ ਵੱਲੋਂ ਅੱਖਾਂ ਮੁੰਦ ਲਈਆਂ ਹਨ ਜਿਹਨਾਂ ਦੀਆਂ ਵਿਆਖਿਆਵਾਂ ਸਪੱਸ਼ਟ ਤੌਰ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨਾਲ ਮੇਲ ਨਹੀਂ ਖਾਂਦੀਆਂ ।

ਸਿੱਖ ਸੰਗਤ ਨੂੰ ਉਲਝਣ ਵਿੱਚ ਪਾਇਆ ਜਾ ਰਿਹਾ ਹੈ ਕਿਉਂਕਿ ਸ੍ਰੀ ਅਕਾਲ ਤਖਤ, ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਦੁਆਰਾ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਵਿਆਖਿਆ ਨਾਲ ਸੰਬੰਧਿਤ ਕਥਿਤ ਅਪਰਾਧਾਂ ਨੂੰ ਸਹੀ ਰੂਪ ਵਿੱਚ ਬਿਆਨ ਕਰਨ ਵਿੱਚ ਅਸਫਲ ਰਿਹਾ ਹੈ ।ਇਸਨੂੰ ਢੱਡਰੀਆਂ ਵਾਲੇ ਵਲੋਂ ਗੁਰਬਾਣੀ ਦੀ ਵਿਆਖਿਆ ਦੇ ਨਤੀਜੇ ਵਜੋਂ ਹੋਣ ਵਾਲੀ ਕਿਸੇ ਵੀ ਹਿੰਸਕ ਪ੍ਰਤੀਕਿਰਿਆ ਦੇ ਲਈ ਉਸਨੂੰ ਇਲਜਾਮ ਦੇਣ ਦੀ ਕੋਸ਼ਿਸ਼ ਵਜੋਂ ਵੇਖਿਆ ਜਾ ਸਕਦਾ ਹੈ, ਜੋ ਕਿ ਭਾਰਤੀ ਦੰਡ ਸੰਹਿਤਾ ਦੇ ਤਹਿਤ ਸਪਸ਼ੱਟ ਰੂਪ ਵਿੱਚ ਇੱਕ ਅਪਰਾਧ ਹੈ |
ਜੀ ਐਸ ਸੀ ਉਸ ਆਦੇਸ਼ ਨੂੰ ਵੀ ਬੇਭਰੋਸਗੀ ਦੇ ਨਜ਼ਰੀਏ ਨਾਲ ਦੇਖਦੀ ਹੈ ਕਿ ਸਿੱਖਾਂ ਨੂੰ ਭਾਈ ਰਣਜੀਤ ਸਿੰਘ ਦੀਆਂ ਗੁਰਬਾਣੀ, ਪ੍ਰਚਾਰ ਅਤੇ ਕੀਰਤਨ ਦੀਆਂ ਵੀਡੀਓ ਨੂੰ ਸੁਣਨ ਅਤੇ ਅੱਗੇ ਸਾਂਝਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ | ਜੀ ਐਸ ਸੀ ਦਾ ਵਿਚਾਰ ਹੈ ਕਿ ਇਸ ਮਾਮਲੇ ਦਾ ਹੱਲ, ਭਾਈ ਢੱਡਰੀਆਂ ਵਾਲੇ ਵਲੋਂ ਕਹੀਆਂ ਗੱਲਾਂ ਦੀ ਜਾਂਚ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਸ਼ੋਭਿਤ ਸਿਧਾਂਤਾਂ ਦੀ ਕਸੌਟੀ ਤੇ ਪਰਖ ਕੇ ਕੀਤਾ ਜਾਣਾ ਚਾਹੀਦਾ ਸੀ

ਜੀ ਐਸ ਸੀ ਸ਼੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕਰਦੀ ਹੈ ਕਿ ਉਹ ਜਲਦੀ ਗੰਭੀਰਤਾ ਨਾਲ ਇਸ ਅਸੰਤੋਸ਼ਜਨਕ ਸਥਿਤੀ ਵਿੱਚ ਸੁਧਾਰ ਕਰਨ|

ਲੇਡੀ ਸਿੰਘ, ਕੰਵਲਜੀਤ ਕੋਰ
ਪ੍ਰਧਾਨ ਗਲੋਬਲ ਸਿੱਖ ਕੌਂਸਲ

**President:** Lady Singh (Dr Kanwaljit Kaur OBE)
Tel: +44 (0) 7716 497376
Email: kaursingh3@aol.com

**Secretary**: S Jagjit Singh LLB Hons Lon, CLP M'sia
Tel: +60 12 658 7456
Email: GSCsecretariat@yahoo.com

**Member Organizations From:**
Afghanistan Australia Bangladesh Bahrain Belgium Canada Dubai (UAE) France Germany Hong Kong India Indonesia Ireland Italy Kenya Malaysia Myanmar Nepal New Zealand Pakistan Portugal Spain Switzerland Thailand UK Uganda USA